# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਮਾਨਸਾ

ਵੱਲ:-

ਸਮੂਹ ਸਕੂਲ ਮੁੱਖੀ,
ਸਸਸਸ/ਸਹਸ/ਸਮਿਸ/________।

ਪੱਤਰ ਨੰ: ਸ਼ਿ/1/07/2021 208640 ਮਿਤੀ ਮਾਨਸਾ 02.07.2021

ਵਿਸ਼ਾ:- ਮਿਤੀ 03.07.2021 ਕੋਵਿਡ-19 ਵੈਕਸੀਨੈਸ਼ਨ ਲਈ ਮੈਗਾ ਕੈਂਪ ਲਗਵਉਣ ਸਬੰਧੀ।

ਉਪਰੋਕਤ ਵਿਸੇ ਸਬੰਧੀ ਪੰਜਾਬ ਸਰਕਾਰ ਵਲੋਂ ਫੈਸਲਾ ਲਿਆ ਗਿਆ ਹੈ ਕਿ ਮਿਤੀ 03.07.2021 ਨੂੰ ਕੋਵਿਡ-19 ਵੈਕਸੀਨੈਸ਼ਨ ਲਗਵਾਉਣ ਸਬੰਧੀ ਕੈਂਪ ਲਗਾਏ ਜਾਣੇ ਹਨ ਅਤੇ ਇਸ ਦਿਨ ਪੰਜਾਬ ਵਾਸ਼ੀਆ ਨੂੰ ਵੱਧ-ਤੋਂ ਵੱਧ ਵੈਕਸੀਨੈਸ਼ਨ ਲਈ ਪਰੇਰਿਤ ਕੀਤਾ ਜਾਵੇ। ਇਸ ਮੈਗਾ ਕੈਂਪ ਵਿੱਚ ਮਾਨਸਾ ਜਿਲ੍ਹੇ ਵਿੱਚ 14000 ਡੋਜ ਲਗਵਾਉਣ ਦਾ ਟੀਚਾ ਦਿੱਤਾ ਗਿਆ ਹੈ। ਇਸ ਮੈਗਾ ਕੈਂਪ ਵਿੱਚ ਵੱਧ ਤੋਂ ਵੱਧ ਵੈਕਸੀਨ ਕਰਵਾਉਣ ਲਈ ਮਾਨਯੋਗ ਡਿਪਟੀ ਕਮਿਸ਼ਨਰ ਮਾਨਸਾ ਜੀ ਤੋਂ ਆਦੇਸ਼ ਪ੍ਰਾਪਤ ਹੋਏ ਹਨ ਕਿ ਸਮੂਹ ਸਕੂਲਾਂ ਦੇ ਮੁੱਖੀ ਅਤੇ ਸਮੂਹ ਸਟਾਫ ਪੂਰਨ ਸਹਿਯੋਗ ਕਰਨਗੇ । ਇਸ ਦੇ ਨਾਲ-ਨਾਲ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀ ਵੀ ਆਪਣੇ-2 ਘਰਾਂ ਅਤੇ ਆਲੇ ਦੁਆਲੇ ਦੇ ਲੋਕਾਂ ਨੂੰ ਵੈਕਸੀਨੈਸ਼ਨ ਸਬੰਧੀ ਜਾਗਰੂਕ ਕਰਨਗੇ। ਜਿਹਨਾਂ ਪਿੰਡਾ ਵਿੱਚ ਨੋਡਲ ਅਫਸਰ ਲੱਗੇ ਹਨ। ਉਹਨਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ ਅਤੇ ਜਿਹਨਾਂ ਪਿੰਡਾਂ ਵਿੱਚ ਨੋਡਲ ਅਫਸਰ ਨਹੀਂ ਲੱਗੇ ਉਹਨਾਂ ਪਿੰਡਾਂ ਵਿੱਚ ਸਕੂਲ ਮੁੱਖੀ ਅਤੇ ਸਟਾਫ ਨੋਡਲ ਅਫਸਰ ਦੇ ਤੌਰ ਤੇ ਵੀ ਕੰਮ ਕਰਨਗੇ। ਇਹ ਅਤੀ ਜਰੂਰੀ ਕਾਰਜ ਹੈ ਇਸ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਨਾ ਕੀਤੀ ਜਾਵੇ। ਸ਼ਹਿਰਾਂ ਪਿੰਡਾਂ ਵਿੱਚ ਪਹੁੰਚ ਰਹੀਆਂ ਟੀਮਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ।

ਲਈ ਇਨਫਾਰਮੇਸ਼ਨ ਵ ਡਿਸਪੈਚ

02/07/2021
ਜਿਲ੍ਹਾ ਸਿੱਖਿਆ ਅਫਸਰ (ਸੈਸਿ)
ਮਾਨਸਾ।

ਪਿੱਠ ਅੰਕਣ ਨੰ: 2021208640 ਮਿਤੀ ਮਾਨਸਾ 02.07.2021

ਉਪਰੋਕਤ ਦਾ ਉਤਾਰਾ ਮਾਨਯੋਗ ਡਿਪਟੀ ਕਮਿਸ਼ਨਰ ਮਾਨਸਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

02/07/2021
ਜਿਲ੍ਹਾ ਸਿੱਖਿਆ ਅਫਸਰ (ਸੈਸਿ)
ਮਾਨਸਾ।

Scanned with CamScanner